ਡਾਇਰੈਕਟੋਰੇਟ
ਸਿਹਤ ਤੇ ਪਰਿਵਾਰ ਭਲਾਈ,ਪੰਜਾਬ।
(ਈ-2,ਸਾਖਾ)
ਦਫਤਰੀ ਹੁਕਮ

ਨੰ: ਈ2(2)ਪੰ:17/ ਮਿਤੀ, ਚੰਡੀਗੜ੍ਹ:

ਇਸ ਦਫਤਰ ਦੇ ਪੱਤਰ ਨੰ: ਈ2(2)ਪੰ:16/6778-6813 ਮਿਤੀ 20.10.2016 ਰਾਹੀਂ ਮੈਡੀਕਲ ਅਫਸਰਾਂ ਦੀ ਫਾਈਨਲ ਸੀਨੀਆਰਤਾ ਸੂਚੀ ਜਾਰੀ ਕਰਦੇ ਹੋਏ ਵਿਭਾਗ ਦੀ ਵੈਬ-ਸਾਇਟ ਤੇ ਅੱਪਲੋਡ ਕੀਤੀ ਗਈ ਸੀ। ਵਿਭਾਗ ਦੀ ਵੈਬ-ਸਾਇਟ ਤੇ ਪਾਈ ਇਸ ਸੀਨੀਅਰਤਾ ਸੂਚੀ ਸਬੰਧੀ ਹੇਠ ਲਿਖੇ ਡਾਕਟਰਾਂ ਵੱਲੋਂ ਸੀਨੀਆਰਤਾ ਵਿੱਚ ਨਾਮ ਦਰਜ ਕਰਨ ਜਾਂ ਸੇਵਾ ਪਾਰਟੀਕੂਲਰਜ਼ ਵਿੱਚ ਸੋਧ ਕਰਨ ਸਬੰਧੀ ਪ੍ਰਤੀ ਬੇਨਤੀਆਂ ਪ੍ਰਾਪਤ ਹੋਈਆਂ ਹਨ। ਪ੍ਰਾਪਤ ਹੋਏ ਇਤਰਾਜਾਂ ਨੂੰ ਸੇਵਾ ਨਿਯਮਾਂ/ ਹਦਾਇਤਾਂ ਤਹਿਤ ਵਿਚਾਰਦੇ ਹੋਏ ਇਸ ਸੀਨੀਅਰਤਾ ਸੂਚੀ ਵਿੱਚ ਹੇਠਾਂ ਦਰਸਾਏ ਅਨੁਸਾਰ ਫਿਕਸ/ ਸੋਧ ਕੀਤੀ ਜਾਂਦੀ ਹੈ:-

1. ਡਾਕਟਰ ਬਬੀਤਾ ਰਾਣੀ ਪੁੱਤਰੀ ਸ਼੍ਰੀ ਰਾਮ ਸਨੇਹੀ ਮਿੱਤਲ, ਸੇਵਾ ਨੰ: 6131, ਮੈਰਿਟ ਨੰ: 137 ਜੀ.ਸੀ. 93 ਇਹਨਾਂ ਦੀ ਸਿਲੈਕਸ਼ਨ ਪੀ.ਪੀ.ਐਸ.ਸੀ. ਪਟਿਆਲਾ ਵੱਲੋਂ ਜਾਰੀ ਕੀਤੀ ਮੈਰਿਟ ਲਿਸਟ ਦੇ ਲੜੀ ਨੰ: 182 ਤੇ ਅਰਜ਼ੀ ਨੰ: 211 ਅਨੁਸਾਰ ਡਾਕਟਰ ਨੇ 55 ਅੰਕ ਪ੍ਰਾਪਤ ਕੀਤੇ ਹਨ। ਸੋ ਇਸ ਦਫਤਰ ਦੇ ਪੱਤਰ ਨੰ: ਈ2(2)ਪੰ:16/6778-6813 ਮਿਤੀ 20.10.2016 ਰਾਹੀਂ ਜਾਰੀ ਫਾਈਨਲ ਸੀਨੀਆਰਤਾ ਵਿੱਚ ਲੜੀ ਨੰ: 177 ਤੇ ਮੈਰਿਟ 136/ਜੀ.ਸੀ./93 ਡਾਕਟਰ ਰਾਜੇਸ਼ ਕੁਮਾਰ ਗਰਗ, ਸੀਨੀਅਰਤਾ ਨੰ: 6033 ਤੋਂ ਹੇਠਾਂ ਅਤੇ ਲੜੀ ਨੰ: 178 ਤੇ ਮੈਰਿਟ ਨੰ: 138/ਜੀ.ਸੀ./93 ਡਾਕਟਰ ਲਖਵਿੰਦਰ ਸਿੰਘ, ਸੀਨੀਅਰਤਾ ਨੰ: 6034 ਤੋਂ ਉੱਪਰ ਲੜੀ ਨੰ 177-ਏ ਤੇ ਸੇਵਾ ਨੰ: 6033-ਏ ਤੇ ਅਲਾਟ ਕਰਦੇ ਹੋਏ ਫਿਕਸ ਕੀਤਾ ਜਾਂਦੀ ਹੈ।
2. ਡਾਕਟਰ ਕੁਲਦੀਪ ਸਿੰਘ ਪੁੱਤਰ ਸ਼੍ਰੀ ਸੋਹਨ ਸਿੰਘ ਇਹਨਾਂ ਦੀ ਸਿਲੈਕਸ਼ਨ ਪੀ.ਪੀ.ਐਸ.ਸੀ. ਪਟਿਆਲਾ ਵੱਲੋਂ ਜਾਰੀ ਕੀਤੀ ਮੈਰਿਟ ਲਿਸਟ ਦੇ ਲੜੀ ਨੰ: 320 ਤੇ ਅਰਜ਼ੀ ਨੰ: 549 ਅਨੁਸਾਰ ਡਾਕਟਰ ਨੇ 51 ਅੰਕ ਪ੍ਰਾਪਤ ਕੀਤੇ ਹਨ। ਸੋ ਇਸ ਦਫਤਰ ਦੇ ਪੱਤਰ ਨੰ: ਈ2(2)ਪੰ:16/6778-6813 ਮਿਤੀ 20.10.2016 ਰਾਹੀਂ ਜਾਰੀ ਫਾਈਨਲ ਸੀਨੀਆਰਤਾ ਵਿੱਚ ਲੜੀ ਨੰ: 282 ਤੇ ਮੈਰਿਟ 50/ਐਸ.ਸੀ./93 ਡਾਕਟਰ ਜਗਤਾਰ ਸਿੰਘ, ਸੀਨੀਅਰਤਾ ਨੰ: 6138 ਤੋਂ ਹੇਠਾਂ ਅਤੇ ਲੜੀ ਨੰ: 283 ਤੇ ਮੈਰਿਟ ਨੰ: 52/ਐਸ.ਸੀ./93 ਡਾਕਟਰ ਹਰਜੀਤ ਕੌਰ, ਸੀਨੀਅਰਤਾ ਨੰ: 6139 ਤੋਂ ਉੱਪਰ ਲੜੀ ਨੰ 282-ਏ ਤੇ ਸੀਨੀਅਰਤਾ ਨੰ: 6138-ਏ ਤੇ ਫਿਕਸ ਕੀਤਾ ਜਾਂਦਾ ਹੈ।
3. ਇਸ ਦਫਤਰ ਦੇ ਪੱਤਰ ਨੰ: ਈ2(2)ਪੰ:16/6778-6813 ਮਿਤੀ 20.10.2016 ਰਾਹੀਂ ਜਾਰੀ ਫਾਈਨਲ ਸੀਨੀਆਰਤਾ ਵਿੱਚ ਲੜੀ ਨੰ: 182 ਤੇ ਅਰਜ਼ੀ ਨੰ: 40 ਮੈਰਿਟ ਨੰ: 165/ਜੀ.ਸੀ./93 ਪੁਰਾਣਾ ਸੀਨੀਅਰਤਾ ਨੰ: 6156 ਅਤੇ ਨਵਾਂ ਸੀਨੀਅਰਤਾ ਨੰ: 6038 ਤੇ ਦਰਜ਼ ਡਾਕਟਰ ਅਮਰਜੀਤ ਕੌਰ, ਪੁੱਤਰੀ ਅਮਰ ਨਾਥ ਸਬੰਧੀ ਦਰਸਾਇਆ ਸੇਵਾ ਵੇਰਵਾ ਲੜੀ ਨੰ: 202 ਤੇ ਅਰਜ਼ੀ ਨੰ: 1266, ਮੈਰਿਟ ਨੰ: 165/ਜੀ.ਸੀ./96 ਪੁਰਾਣਾ ਸੀਨੀਅਰਤਾ ਨੰ: 6156 ਅਤੇ ਨਵਾਂ ਸੀਨੀਅਰਤਾ ਨੰ: 6058 ਡਾਕਟਰ ਵਿਜੈ ਭਗਤ ਪੁੱਤਰ ਸ਼੍ਰੀ ਅਮਰ ਨਾਥ ਦਾ ਸੇਵਾ ਰਿਕਾਰਡ ਦਰਜ਼ ਹੋ ਚੁੱਕਾ ਹੈ। ਜਦੋਂ ਕਿ ਲੜੀ ਨੰ: 182 ਤੇ ਅਮਰਜੀਤ ਕੌਰ ਪੁੱਤਰੀ ਅਰਮ ਨਾਥ ਨੇ ਡਿਊਟੀ ਜੁਆਇੰਨ ਹੀ ਨਹੀਂ ਕੀਤੀ। ਇਸ ਲਈ ਇਸ ਡਾਕਟਰ ਦੇ ਨਾਮ ਨੂੰ ਸਾਹਮਣੇ ਦਰਸਾਏ ਪਾਰਟੀਕੁਲਰ ਹਟਾ ਦੇਣੇ ਚਾਹੀਦੇ ਹਨ, ਕਿਉਂਕਿ ਇਸ ਡਾਕਟਰ ਨੇ ਸ਼ੁਰੂ ਤੋਂ ਹੀ ਡਿਊਟੀ ਜੁਆਇੰਨ ਹੀ ਨਹੀਂ ਕੀਤੀ ਅਤੇ ਨਾ ਹੀ ਵਿਭਾਗ ਵੱਲੋਂ ਇਸ ਦੀ ਕੋਈ ਮਿਸਲ ਬਣਾਈ ਗਈ ਹੈ। ਇਸ ਲਈ ਇਸ ਡਾਕਟਰ ਨੂੰ ਸੀਨੀਅਰਤਾ ਸੂਚੀ ਵਿੱਚ ਵਿਚਾਰਨਾ ਨਹੀਂ ਬਣਦਾ, ਰੱਦ ਕੀਤਾ ਜਾਂਦਾ ਹੈ।
4. ਡਾਕਟਰ ਅਜੀਤ ਸਿੰਘ ਬਡਵਾਲ ਪੁੱਤਰ ਸ਼੍ਰੀ ਬੇਅੰਤ ਸਿੰਘ, ਸੇਵਾ ਨੰ: 6229(ਪੁਰਾਣਾ), ਮੈਰਿਟ ਨੰ: 242 ਜੀ.ਸੀ.93, ਈ.ਐਸ.ਆਈ ਹਸਪਤਾਲ ਫਗਵਾੜਾ, ਜਿਲ੍ਹਾ ਕਪੂਰਥਲਾ ਨੇ ਮਿਤੀ 10.02.1988 ਨੂੰ ਐਡਹਾਕ ਸੇਵਾ ਸ਼ੁਰੂ ਕੀਤੀ ਸੀ ਅਤੇ ਪੀ.ਪੀ.ਐਸ.ਸੀ. ਵੱਲੋਂ 1993 ਵਿੱਚ ਸਿਲੈਕਸ਼ਨ ਕਰਕੇ ਮੈਰਿਟ ਲਿਸਟ ਸਰਕਾਰ ਨੂੰ ਭੇਜੀ ਗਈ ਸੀ। ਸਰਕਾਰ ਨੇ ਆਪਣੇ ਮੀਮੋ ਨੰ: 1/71/91-6ਸਿ1/32458 ਮਿਤੀ 24.11.1993 ਰਾਹੀਂ ਡਾਕਟਰ ਨੂੰ ਨਿਯੁਕਤੀ ਪੱਤਰ ਜਾਰੀ ਕੀਤਾ ਗਿਆ ਸੀ। ਇਸਦੇ ਦੇ ਸਬੰਧ ਵਿੱਚ ਡਾਕਟਰ ਨੇ ਮੈਡੀਕਲ ਰਿਪੋਰਟ ਤੋਂ ਮੈਡੀਕਲ ਫਿਟਨੈੱਸ ਲੈਣ ਉਪਰੰਤ ਮਿਤੀ 16.12.1993 ਨੂੰ ਦੁਪਹਿਰ ਤੋਂ ਪਹਿਲਾਂ ਰੈਗੂਲਰ ਤੌਰ ਤੇ ਡਿਊਟ ਜੁਆਇੰਨ ਕਰ ਲਈ ਸੀ। ਡਾਕਟਰ ਨੇ ਬੇਨਤੀ ਕੀਤੀ ਸੀ ਕਿ ਉਸ ਨੇ ਮਿਤੀ 10.02.1988 ਤੋਂ ਲੈ ਕੇ 16.12.1993 ਤੱਕ ਐਡਹਾਕ ਸੇਵਾ ਕੀਤੀ ਸੀ। ਮਾਨਯੋਗ ਸੰਧਾਵਾਲੀਆ ਕਮੇਟੀ ਵੱਲੋਂ ਕੀਤੀਆਂ ਸਿਫਾਰਸ਼ਾਂ ਦੇ ਆਧਾਰ ਤੇ ਸਰਕਾਰ ਨੇ ਆਪਣੇ ਪਿੱਠ ਅੰਕਣ ਨੰ: 19/22/2016-6ਸਿ1/752-56 ਮਿਤੀ 20.02.2017 ਰਾਹੀਂ ਡਾਕਟਰ ਦੀ 4 ਸਾਲਾਂ ਦੀ ਸੇਵਾ ਤੋਂ ਬਾਅਦ ਮਿਤੀ 10.02.1992 ਤੋਂ ਡਾਕਟਰ ਦੀਆਂ ਸੇਵਾਵਾਂ ਰੈਗੂਲਰ ਕਰ ਦਿੱਤੀਆਂ ਗਈਆਂ ਹਨ। ਇਸ ਲਈ ਇਸ ਦਫਤਰ ਦੇ ਮੀਮੋ ਨੰ:ਈ2(2)ਪੰ:15/7042-82 ਮਿਤੀ 24.11.15 ਰਾਹੀਂ ਮੈਡੀਕਲ ਅਫਸਰਾਂ ਦੀ ਅੰਤਿਮ ਸੀਨੀਅਰਤਾ ਸੂਚੀ ਜਾਰੀ ਕੀਤੀ ਗਈ ਸੀ। ਉਸ ਵਿੱਚ ਡਾਕਟਰ ਅਜੀਤ ਸਿੰਘ ਬਡਵਾਲ, ਸੇਵਾ ਨੰ: 6229 (ਪੁਰਾਣਾ), 242 ਜੀ.ਸੀ.93, ਈ.ਐਸ.ਆਈ. ਹਸਪਤਾਲ ਫਗਵਾੜਾ ਜ਼ਿਲ੍ਹਾ ਕਪੂਰਥਲਾ ਦੀ ਸੀਨੀਅਰਤਾ ਲੜੀ ਨੰ: 172, ਸੇਵਾ ਨੰ: 5825, ਡਾਕਟਰ ਅਰਵਿੰਦਰ ਸਿੰਘ, ਸੇਵਾ ਨੰ: 5825 ਤੋਂ ਹੇਠਾਂ ਅਤੇ ਲੜੀ ਨੰ; 173, ਡਾਕਟਰ ਦਵਿੰਦਰ ਸਿੰਘ, ਸੇਵਾ ਨੰ: 5826 ਤੋਂ ਉੱਪਰ ਲੜੀ ਨੰ: 172-ਏ ਸੇਵਾ ਨੰ: 5825 ਤੋਂ ਹੇਠਾਂ ਡਾਕਟਰ ਅਜੀਤ ਸਿੰਘ ਬਡਵਾਲ ਸੇਵਾ ਨੰ: 6229 (ਪੁਰਾਣਾ) ਮੈਰਿਟ ਨੰ: 242 ਜੀ.ਸੀ 93 ਦੀ ਸੀਨੀਅਰਤਾ ਲੜੀ ਨੰ: 172-ਏ ਤੇ ਸੇਵਾ ਨੰ: 5825-ਏ ਅਲਾਟ ਕਰਦੇ ਹੋਏ ਫਿਕਸ ਕੀਤੀ ਜਾਂਦੀ ਹੈ।

ਸਹੀ/-
ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ।